# ਪੰਜਾਬ ਵਿਧਾਨ ਸਭਾ

## ਬਾਰ੍ਹਵਾਂ (ਬਜਟ) ਸਮਾਗਮ

## ਨਿਸ਼ਾਨ ਵਾਲੇ ਪ੍ਰਸ਼ਨ

## 12 ਮਾਰਚ 2026

----

ਕੁੱਲ ਪ੍ਰਸ਼ਨ 20

----

### ਬਾਬਾ ਬਕਾਲਾ ਵਿਖੇ ਫੂਡ ਪ੍ਰੋਸੈਸਿੰਗ ਯੂਨਿਟ ਲਗਾਉਣਾ

***1820 ਸ. ਦਲਬੀਰ ਸਿੰਘ (ਬਾਬਾ ਬਕਾਲਾ):**

**ਸਥਾਨਕ ਸਰਕਾਰਾਂ, ਉਦਯੋਗ ਤੇ ਵਣਜ, ਨਿਵੇਸ਼ ਪ੍ਰਮੋਸ਼ਨ ਵਿਭਾਗ, ਬਿਜਲੀ** ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਿਆਸ ਦਰਿਆ ਪਾਰ ਕਰਦਿਆਂ ਮਾਝੇ ਦੀ ਸ਼ੁਰੂਆਤ ਵਿੱਚ ਬਾਬਾ ਬਕਾਲਾ ਹਲਕਾ ਵਿਖੇ ਸਬਜੀ ਦੀ ਬੈਲਟ ਹੈ, ਜਿੱਥੇ ਹਰ ਪ੍ਰਕਾਰ ਦੀ ਸਬਜੀ ਦੀ ਖੇਤੀ ਕੀਤੀ ਜਾਂਦੀ ਹੈ; ਜੇਕਰ ਅਜਿਹਾ ਹੈ ਤਾਂ ਉੱਥੇ ਫੂਡ ਪ੍ਰੋਸੈਸਿੰਗ ਯੂਨਿਟ ਲਗਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

### ਫਾਜਿਲਕਾ ਹਲਕੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ ਦੀਆਂ ਅਸਾਮੀਆਂ ਦੇ ਵੇਰਵੇ

***1814 ਸ. ਨਰਿੰਦਰਪਾਲ ਸਿੰਘ ਸਵਨਾ (ਫਾਜ਼ਿਲਕਾ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ ਅਤੇ ਭਾਸ਼ਾ, ਸਕੂਲ ਸਿੱਖਿਆ,ਸੂਚਨਾ ਅਤੇ ਲੋਕ ਸੰਪਰਕ** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਫਾਜਿਲਕਾ ਹਲਕੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਡੰਗਰ ਖੇੜਾ ਅਤੇ ਮੁਹਾਰ ਸੋਨਾ ਵਿਖੇ ਅਧਿਆਪਕਾਂ ਦੀਆਂ ਕਿੰਨੀਆਂ ਮਨਜੂਰਸ਼ੁਦਾ ਅਸਾਮੀਆਂ ਹਨ, ਉਹਨਾਂ ਵਿੱਚੋਂ ਕਿੰਨੀਆਂ ਭਰੀਆਂ ਗਈਆਂ ਹਨ ਅਤੇ ਖਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

----

## ਪਿੰਡ ਘੱਟਿਆ ਵਾਲਾ ਵਿਖੇ ਜਮੀਨੀ ਪਾਣੀ ਦੇ ਸੁਧਾਰ ਲਈ ਪ੍ਰੋਜੈਕਟ ਲਗਾਉਣਾ

***1682 ਸ਼੍ਰੀ ਜਗਦੀਪ ਕੰਬੋਜ਼ ਗੋਲਡੀ ( ਜਲਾਲਾਬਾਦ):**

**ਖਾਣਾਂ ਅਤੇ ਭੂ-ਵਿਗਿਆਨ, ਜਲ ਸਰੋਤ ,ਭੂਮੀ ਅਤੇ ਪਾਣੀ ਸੰਭਾਲ ਵਿਭਾਗ** ਕੀ ਭੂਮੀ ਅਤੇ ਜਲ ਸੰਭਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਜਲਾਲਾਬਾਦ ਦੇ ਪਿੰਡ ਘੱਟਿਆ ਵਾਲਾ ਵਿਖੇ ਜਮੀਨੀ ਪਾਣੀ ਦੇ ਸੁਧਾਰ ਲਈ ਕੋਈ ਪ੍ਰੋਜੈਕਟ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਮੁਕੰਮਲ ਹੋ ਜਾਵੇਗਾ?

----

## ਹਲਕਾ ਡੇਰਾਬੱਸੀ ਨੂੰ ਗੇਟਵੇਅ ਆਫ ਪੰਜਾਬ ਦਾ ਦਰਜਾ ਦੇਣਾ

***1781 ਸ. ਕੁਲਜੀਤ ਸਿੰਘ ਰੰਧਾਵਾ ( ਡੇਰਾ ਬੱਸੀ ):**

**ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਚਾਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ** ਕੀ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਡੇਰਾਬੱਸੀ ਨੂੰ ਗੇਟਵੇਅ ਆਫ ਪੰਜਾਬ ਦਾ ਦਰਜਾ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਹਲਕਾ ਬਠਿੰਡਾ ਦਿਹਾਤੀ ਦੇ ਸਰਕਾਰੀ ਹਸਪਤਾਲ ਦੀ ਇਮਾਰਤ ਬਣਾਉਣਾ

***1821 ਸ਼੍ਰੀ ਅਮਿਤ ਰਤਨ ਕੋਟਫੱਤਾ ( ਬਠਿੰਡਾ ਦਿਹਾਤੀ ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬਠਿੰਡਾ ਦਿਹਾਤੀ ਦੇ ਸੰਗਤ ਮੰਡੀ ਦੇ ਸਰਕਾਰੀ ਹਸਪਤਾਲ ਦੀ ਇਮਾਰਤ ਦੀ ਹਾਲਤ ਬਹੁਤ ਹੀ ਖਰਾਬ ਅਤੇ ਜਰਜਰ ਹੋ ਚੁੱਕੀ ਹੈ, ਜਿਸ ਕਾਰਨ ਮਰੀਜ਼ਾਂ ਅਤੇ ਸਟਾਫ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਕੀ ਸੰਗਤ ਮੰਡੀ ਵਿੱਚ ਨਵੇਂ ਹਸਪਤਾਲ ਦੀ ਇਮਾਰਤ ਬਣਾਉਣ ਜਾਂ ਮੌਜੂਦਾ ਇਮਾਰਤ ਦੀ ਮੁੜ ਤਾਮੀਰ/ਅੱਪਗ੍ਰੇਡ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਸਟੋਰ ਕੀਤੇ ਬਰਸਾਤੀ ਪਾਣੀ ਦੀ ਵਰਤੋਂ ਲਈ 3 ਤੋਂ 5 ਐਚ.ਪੀ. ਬਿਜਲੀ ਮੋਟਰ ਕੁਨੈਕਸ਼ਨ ਅਤੇ ਸੋਲਰ ਪੰਪ ਲਗਾਉਣਾ

***1812 ਸ਼੍ਰੀ ਗੁਰਲਾਲ ਸਿੰਘ (ਘਨੌਰ) :**

**ਸਥਾਨਕ ਸਰਕਾਰਾਂ, ਉਦਯੋਗ ਤੇ ਵਣਜ, ਨਿਵੇਸ਼ ਪ੍ਰਮੋਸ਼ਨ ਵਿਭਾਗ , ਬਿਜਲੀ :-**

ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਜਮੀਨ ਹੇਠਲੇ ਪਾਣੀ ਨੂੰ ਬਚਾਉਣ ਲਈ ਮੁੱਖ ਸਰੋਤ ਬਰਸਾਤੀ ਪਾਣੀ ਹੈ, ਜੋ ਕਿ ਝੋਨੇ ਦੇ ਸੀਜ਼ਨ ਦੇ ਨਾਲ ਮੇਲ ਖਾਂਦਾ ਬਰਸਾਤੀ ਮੌਸਮ ਆਧਾਰਿਤ ਨਦੀਆਂ ਅਤੇ ਨਾਲਿਆਂ ਵਿੱਚ ਭਰਪੂਰ ਮਾਤਰਾ ਵਿੱਚ ਉਪਲੱਬਧ ਹੈ ਅਤੇ ਇਨ੍ਹਾਂ ਨੂੰ ਕਿਸਾਨ ਛੋਟੇ ਟੈਂਕੀਆਂ ਅਤੇ ਛੱਪੜਾਂ ਵਿੱਚ ਸਟੋਰ ਕਰਦੇ ਹਨ, ਜਿਸ ਨੂੰ ਬਾਅਦ ਵਿੱਚ ਸਿੰਚਾਈ ਲਈ ਵਰਤਿਆ ਜਾਂਦਾ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਇਸ ਪਾਣੀ ਦੀ ਵਰਤੋਂ ਲਈ 3 ਤੋਂ 5 ਐਚ.ਪੀ. ਬਿਜਲੀ ਮੋਟਰ ਕੁਨੈਕਸ਼ਨ ਅਤੇ ਸੋਲਰ ਪੰਪ ਲਗਾਉਣ ਦੀ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ ਸਰਕਾਰ ਉਕਤ ਸਕੀਮ ਨੂੰ ਲਾਗੂ ਕਰ ਦੇਵੇਗੀ;

ੲ) ਕੀ ਸਿੰਚਾਈ ਦੇ ਉਦੇਸ਼ ਲਈ ਜਮੀਨ ਹੇਠਲੇ ਪਾਣੀ ਦੀ ਵਰਤੋਂ ਲਈ ਖੇਤੀਬਾੜੀ ਸ਼੍ਰੇਣੀ ਅਧੀਨ ਨਵੇਂ ਬਿਜਲੀ ਕੁਨੈਕਸ਼ਨ ਜਾਰੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਮੱਤੇਵਾੜਾ ਤੋਂ ਰਾਹੋਂ ਤੱਕ ਖਰਾਬ ਹਾਲਤ ਸੜਕ ਦੀ ਰਿਪੇਅਰ ਕਰਨਾ

***1762 ਡਾ. ਨਛੱਤਰ ਪਾਲ (ਨਵਾਂ ਸ਼ਹਿਰ):**

**ਲੋਕ ਨਿਰਮਾਣ** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮੱਤੇਵਾੜਾ (ਜ਼ਿਲ੍ਹਾ ਲੁਧਿਆਣਾ) ਤੋਂ ਰਾਹੋਂ ਤੱਕ ਸੜਕ ਦੀ ਹਾਲਤ ਬਹੁਤ ਜ਼ਿਆਦਾ ਖਰਾਬ ਹੈ; ਜੇਕਰ ਅਜਿਹਾ ਹੈ ਤਾਂ ਇਸ ਸੜਕ ਦੀ ਰਿਪੇਅਰ ਕਦੋਂ ਤੋਂ ਡਿਊ ਹੈ ਅਤੇ ਇਸ ਨੂੰ ਕਦੋਂ ਤੱਕ ਰਿਪੇਅਰ ਕਰਵਾ ਦਿੱਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ ?

----

## ਬਰਲਟਨ ਪਾਰਕ ਅਤੇ ਮੱਕਸੂਦਾਂ ਵਿਖੇ ਭਗਤ ਸਿੰਘ ਕਲੋਨੀ ਵਿੱਚ ਦੋ ਸਕੂਲਾਂ ਦੀ ਮੌਜੂਦਾ ਸਥਿਤੀ

***1701 ਸ਼੍ਰੀ. ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ ਅਤੇ ਭਾਸ਼ਾ, ਸਕੂਲ ਸਿੱਖਿਆ,ਸੂਚਨਾ ਅਤੇ ਲੋਕ ਸੰਪਰਕ :-**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਹਲਕਾ ਜਲੰਧਰ ਉੱਤਰੀ ਅਧੀਨ ਕਬੀਰ ਨਗਰ ਦੇ ਨਜ਼ਦੀਕ ਬਰਲਟਨ ਪਾਰਕ ਵਿਖੇ ਅਤੇ ਮੱਕਸੂਦਾਂ ਵਿਖੇ ਭਗਤ ਸਿੰਘ ਕਲੋਨੀ ਵਿੱਚ ਦੋ ਸਕੂਲ ਨਿਰਮਾਣ ਅਧੀਨ ਹਨ; ਜੇਕਰ ਅਜਿਹਾ ਹੈ ਤਾਂ ਇਸ ਸਬੰਧੀ ਕੰਮ ਦਾ ਮੰਤਵ, ਟੈਂਡਰ ਜਾਰੀ ਕਰਨ ਦੀ ਮਿਤੀ, ਠੇਕੇਦਾਰਾਂ ਨੂੰ ਜਾਰੀ ਕੀਤੇ ਗਏ ਕੰਮ ਦੇ ਹੁਕਮ ਅਤੇ ਕੰਮ ਮੁਕੰਮਲ ਕਰਨ ਦੀ ਮਿਤੀ ਕੀ ਹੈ;

ਅ) ਉਪਰੋਕਤ ਦਰਸਾਏ ਸਕੂਲਾਂ ਲਈ ਨਵੀਆਂ ਅਸਾਮੀਆਂ ਅਤੇ ਇਹਨਾਂ ਸਕੂਲਾਂ ਦੀ ਮੌਜੂਦਾ ਸਥਿਤੀ ਕੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

## ਬਰੇਟਾ ਵਿਖੇ ਅਨਾਜ ਮੰਡੀ ਦਾ ਸਬ-ਯਾਰਡ ਬਣਾਉਣਾ

*1794 ਪ੍ਰਿੰਸੀਪਲ ਬੁੱਧ ਰਾਮ (ਬੁਢਲਾਡਾ):

**ਖੇਤੀਬਾੜੀ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬੁਢਲਾਡਾ ਦੇ ਸ਼ਹਿਰ ਬਰੇਟਾ ਵਿਖੇ ਅਨਾਜ ਮੰਡੀ ਦਾ ਮੇਨ ਯਾਰਡ ਬਣਿਆ ਹੋਇਆ ਹੈ, ਪਰ ਫਸਲ ਜ਼ਿਆਦਾ ਆਉਣ ਕਰਕੇ ਇੱਥੇ ਥਾਂ ਘੱਟ ਜਾਂਦੀ ਹੈ, ਜਦੋਂ ਕਿ ਇਸ ਸ਼ਹਿਰ ਵਿੱਚ 20 ਏਕੜ ਜ਼ਮੀਨ ਖਾਲ੍ਹੀ ਪਈ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਸ 20 ਏਕੜ ਜਮੀਨ ਵਿੱਚੋਂ 15 ਏਕੜ ਜਮੀਨ ਅਨਾਜ ਮੰਡੀ ਦਾ ਸਬ-ਯਾਰਡ ਬਣਾਉਣ ਲਈ ਦੇ ਸਕਦੀ ਹੈ?

----

## ਬਾਬਾ ਬਕਾਲਾ ਵਿਖੇ ਬਿਆਸ ਦਰਿਆ ਦੀ ਡੀ-ਸਿਲਟਿੰਗ ਕਰਨਾ

*1823 ਸ. ਦਲਬੀਰ ਸਿੰਘ (ਬਾਬਾ ਬਕਾਲਾ):

**ਖਾਣਾਂ ਅਤੇ ਭੂ-ਵਿਗਿਆਨ, ਜਲ ਸਰੋਤ ,ਭੂਮੀ ਅਤੇ ਪਾਣੀ ਸੰਭਾਲ ਵਿਭਾਗ** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬਾਬਾ ਬਕਾਲਾ ਵਿਖੇ ਬਿਆਸ ਦਰਿਆ ਦੀ ਡੀ-ਸਿਲਟਿੰਗ ਨਹੀਂ ਕੀਤੀ ਗਈ, ਜਿਸ ਕਾਰਨ ਦਰਿਆ ਦਾ ਜਮੀਨੀ ਪੱਧਰ ਉੱਚਾ ਹੋ ਚੁੱਕਾ ਹੈ ਜਿਸ ਨਾਲ ਹੜ੍ਹ ਆਉਂਦੇ ਹਨ; ਜੇਕਰ ਅਜਿਹਾ ਹੈ ਤਾਂ ਕੀ ਬਿਆਸ ਦਰਿਆ ਦੀ ਡੀ-ਸਿਲਟਿੰਗ ਕਰਨ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਕਰ ਦਿੱਤੀ ਜਾਵੇਗੀ?

----

## ਐਸ.ਟੀ.ਪੀ., ਅਬੋਹਰ ਤੋਂ ਅਬੁਲ ਖੁਰਾਣਾ ਡਰੇਨ ਤੱਕ ਪਾਈਪਲਾਈਨ ਬਦਲਣਾ

*1741 ਸ਼੍ਰੀ ਸੰਦੀਪ ਜਾਖੜ (ਅਬੋਹਰ):

**ਸਥਾਨਕ ਸਰਕਾਰਾਂ, ਉਦਯੋਗ ਤੇ ਵਣਜ, ਨਿਵੇਸ਼ ਪ੍ਰਮੋਸ਼ਨ ਵਿਭਾਗ , ਬਿਜਲੀ** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਐਸਟੀਪੀ, ਅਬੋਹਰ ਤੋਂ ਅਬੁਲ ਖੁਰਾਣਾ ਡਰੇਨ ਤੱਕ ਮੌਜੂਦਾ ਖਰਾਬ ਹੋਈ ਮੁੱਖ ਪਾਈਪਲਾਈਨ ਨੂੰ ਬਦਲਣ ਦਾ ਕੰਮ ਕਦੋਂ ਤੱਕ ਸ਼ੁਰੂ ਕੀਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

----

## ਹਲਕਾ ਸ਼ੁਤਰਾਨਾ/ਕਕਰਾਲਾ ਭਾਈ ਕੇ ਵਿਖੇ ਸਬ-ਡਵੀਜ਼ਨ ਬਣਾਉਣਾ

*1828 ਸ. ਕੁਲਵੰਤ ਸਿੰਘ ਬਾਜੀਗਰ (ਸ਼ੁਤਰਾਣਾ):

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ,ਹਾਊਸਿੰਗ ਅਤੇ ਸ਼ਹਿਰੀ ਵਿਕਾਸ** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਸ਼ੁਤਰਾਨਾ ਵਿੱਚ ਪੈਂਦੇ ਕਕਰਾਲਾ ਭਾਈ ਕੇ ਦੀ ਅਬਾਦੀ ਜਿਆਦਾ ਹੋਣ ਕਾਰਨ ਸਥਾਨਕ ਲੋਕਾਂ ਨੂੰ ਸਬ-ਡਵੀਜ਼ਨ ਪੱਧਰ ਦੇ ਕੰਮਾਂ ਵਿੱਚ ਕਾਫੀ ਮੁਸ਼ਕਿਲਾਂ ਆਉਂਦੀਆਂ ਹਨ; ਜੇਕਰ ਅਜਿਹਾ ਹੈ ਤਾਂ ਕੀ ਇੱਥੇ ਸਬ-ਡਵੀਜ਼ਨ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਪੰਜਾਬ ਵਿੱਚ ਡੀ.ਡੀ.ਪੀ.ਓਜ਼ ਅਤੇ ਬੀ.ਡੀ.ਪੀ.ਓਜ਼ ਦੀਆਂ ਅਸਾਮੀਆਂ ਦੇ ਵੇਰਵੇ

*1672 ਸ਼੍ਰੀਮਤੀ ਅਰੁਣਾ ਚੌਧਰੀ (ਦੀਨਾ ਨਗਰ):

**ਗੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਚਾਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ :-**

ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ**) ਪੰਜਾਬ ਵਿੱਚ ਡੀ.ਡੀ.ਪੀ.ਓਜ਼ ਅਤੇ ਬੀ.ਡੀ.ਪੀ.ਓਜ਼ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਦੀ ਵੱਖ-ਵੱਖ ਕੁੱਲ ਗਿਣਤੀ ਕਿੰਨੀ ਹੈ;

**ਅ**) ਉਪਰੋਕਤ ਡੀ.ਡੀ.ਪੀ.ਓਜ਼ ਅਤੇ ਬੀ.ਡੀ.ਪੀ.ਓਜ਼ ਦੀਆਂ ਖਾਲੀ ਅਸਾਮੀਆਂ ਦੀ ਵੱਖ-ਵੱਖ ਗਿਣਤੀ ਕਿੰਨੀ ਹੈ ਅਤੇ ਕੀ ਮੌਜੂਦਾ ਡਿਊਟੀ ਚਾਰਜ ਸਖਤੀ ਨਾਲ ਸਰਕਾਰੀ ਨਿਰਦੇਸ਼ਾ ਅਨੁਸਾਰ ਸਭ ਤੋਂ ਸੀਨੀਅਰ ਅਧਿਕਾਰੀ ਨੂੰ ਦਿੱਤਾ ਗਿਆ ਹੈ; ਜੇਕਰ ਨਹੀਂ, ਤਾਂ ਇਸਦੇ ਕੀ ਕਾਰਨ ਹਨ ?

----

## ਹਲਕਾ ਫ਼ਰੀਦਕੋਟ ਅਧੀਨ ਬੀੜ ਘੁਗਿਆਣਾ ਦੇ ਜੰਗਲ ਦੀ ਮੌਜੂਦਾ ਸਥਿਤੀ

***1726 ਸ. ਗੁਰਦਿੱਤ ਸਿੰਘ (ਫਰੀਦਕੋਟ):**

**ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ, ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ :-**

ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਹਲਕਾ ਫ਼ਰੀਦਕੋਟ ਅਧੀਨ ਬੀੜ ਘੁਗਿਆਣਾ ਦਾ ਕੁੱਲ ਰਕਬਾ ਕਿੰਨਾ ਹੈ ਅਤੇ ਇਸ ਵਿੱਚੋਂ ਕਿੰਨਾ ਰਕਬਾ ਰਾਖਵੇਂ ਜੰਗਲ ਵਜੋਂ ਦਰਜ ਹੈ;

ਅ) ਪਿਛਲੇ ਪੰਜ ਸਾਲਾਂ ਦੌਰਾਨ ਬੀੜ ਘੁਗਿਆਣਾ ਵਿੱਚ ਕਿੰਨੇ ਪੌਦੇ ਲਗਾਏ ਗਏ ਹਨ ਅਤੇ ਉਨ੍ਹਾਂ ਦੀ ਜੀਵਿਤ ਦਰ (Survival Rate) ਕੀ ਰਹੀ ਹੈ;

ੲ) ਕੀ ਸਰਕਾਰ ਵੱਲੋਂ ਬੀੜ ਘੁਗਿਆਣਾ ਵਿੱਚ ਵਣੀਕਰਨ, ਬਾੜਬੰਦੀ, ਪਗਡੰਡੀ ਵਿਕਾਸ ਜਾਂ ਈਕੋ-ਟੂਰਿਜ਼ਮ ਸਬੰਧੀ ਕੋਈ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਉਸ ਦੀ ਲਾਗਤ ਅਤੇ ਮੌਜੂਦਾ ਸਥਿਤੀ ਕੀ ਹੈ;

ਸ) ਕੀ ਬੀੜ ਘੁਗਿਆਣਾ ਵਿੱਚ ਜੰਗਲੀ ਜੀਵਾਂ ਦੀ ਸੰਭਾਲ ਲਈ ਕੋਈ ਵਿਸ਼ੇਸ਼ ਯੋਜਨਾ ਤਹਿਤ ਫੰਡ ਜਾਰੀ ਕੀਤੇ ਗਏ ਹਨ; ਵੇਰਵੇ ਸਹਿਤ ਦੱਸਿਆ ਜਾਵੇ?

----

## ਫਾਜਿਲਕਾ ਵਿਖੇ ਨਵਾਂ 220 ਕੇ.ਵੀ. ਬਿਜਲੀ ਘਰ ਬਣਾਉਣਾ

***1815 ਸ. ਨਰਿੰਦਰਪਾਲ ਸਿੰਘ ਸਵਨਾ (ਫਾਜ਼ਿਲਕਾ):**

**ਸਥਾਨਕ ਸਰਕਾਰਾਂ, ਉਦਯੋਗ ਤੇ ਵਣਜ, ਨਿਵੇਸ਼ ਪ੍ਰਮੋਸ਼ਨ ਵਿਭਾਗ , ਬਿਜਲੀ** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਾਜਿਲਕਾ ਇਲਾਕੇ ਵਿੱਚ ਗਰਮੀਆਂ ਦੇ ਸਮੇਂ ਬਿਜਲੀ ਦੀ ਬਹੁਤ ਸਮੱਸਿਆ ਆਉਂਦੀ ਹੈ; ਜੇਕਰ ਅਜਿਹਾ ਹੈ ਤਾਂ ਕੀ ਇੱਥੇ ਇੱਕ ਨਵਾਂ 220 ਕੇ.ਵੀ. ਬਿਜਲੀ ਘਰ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

## ਸੀ.ਐੱਚ.ਸੀ. ਬੰਗਾ ਨੂੰ ਅੱਪ-ਗ੍ਰੇਡ ਕਰਕੇ ਸਿਵਲ ਹਸਪਤਾਲ ਬਣਾਉਂਣਾ

*1754 **ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸੀ.ਐੱਚ.ਸੀ. (Community Health Centre) ਬੰਗਾ ਨੂੰ ਅੱਪ-ਗ੍ਰੇਡ ਕਰਕੇ ਸਿਵਲ ਹਸਪਤਾਲ ਬਣਾਉਂਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਸ ਨੂੰ ਕਦੋਂ ਤੱਕ ਅੱਪ-ਗ੍ਰੇਡ ਕਰ ਦਿੱਤਾ ਜਾਵੇਗਾ?

----

## ਜੀਰਕਪੁਰ ਸ਼ਹਿਰ ਵਿਖੇ ਨਵੀਂ ਤਹਿਸੀਲ ਕੰਪਲੈਕਸ ਦੀ ਉਸਾਰੀ ਕਰਨਾ

*1784 **ਸ. ਕੁਲਜੀਤ ਸਿੰਘ ਰੰਧਾਵਾ ( ਡੇਰਾ ਬੱਸੀ ):**

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ,ਹਾਊਸਿੰਗ ਅਤੇ ਸ਼ਹਿਰੀ ਵਿਕਾਸ** ਕੀ ਮਾਲ ਅਤੇ ਪੁਨਰਵਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਹਲਕਾ ਡੇਰਾਬੱਸੀ ਦੇ ਜੀਰਕਪੁਰ ਸ਼ਹਿਰ ਵਿਖੇ ਨਵੀਂ ਤਹਿਸੀਲ ਕੰਪਲੈਕਸ ਦੀ ਉਸਾਰੀ ਕਰਵਾਉਣ ਲਈ ਜ਼ਮੀਨ ਦੀ ਪਹਿਚਾਣ ਕੀਤੀ ਜਾ ਚੁੱਕੀ ਹੈ;

**ਅ)** ਜੇਕਰ (ੳ) ਭਾਗ ਦਾ ਉੱਤਰ ਹਾਂ ਵਿੱਚ ਹੈ ਤਾਂ ਕੀ ਇਹ ਜ਼ਮੀਨ ਰੈਵੇਨਿਊ ਵਿਭਾਗ ਨੂੰ ਟਰਾਂਸਫਰ ਹੋ ਚੁੱਕੀ ਹੈ; ਇਸ ਦੀ ਤਾਜ਼ਾ ਸਥਿੱਤੀ ਕੀ ਹੈ;

**ੲ)** ਜੇਕਰ ਨਹੀਂ ਤਾਂ ਇਹ ਜ਼ਮੀਨ ਕਦੋਂ ਤੱਕ ਰੈਵੇਨਿਊ ਵਿਭਾਗ ਨੂੰ ਤਬਦੀਲ ਹੋ ਜਾਵੇਗੀ ਅਤੇ ਕਦੋਂ ਤੱਕ ਜ਼ੀਰਕਪੁਰ ਵਿਖੇ ਨਵੀਂ ਤਹਿਸੀਲ ਕੰਪਲੈਕਸ ਦੀ ਉਸਾਰੀ ਕਰਵਾ ਦਿੱਤੀ ਜਾਵੇਗੀ?

----

## ਹਲਕਾ ਰਾਜਾਸਾਂਸੀ ਵਿਖੇ ਪਿੰਡਾਂ ਦੇ ਸਕੂਲਾਂ ਨੂੰ ਅੱਪਗ੍ਰੇਡ ਕਰਨਾ

*1753 **ਸ. ਸੁਖਬਿੰਦਰ ਸਿੰਘ ਸਰਕਾਰੀਆ (ਰਾਜਾ ਸਾਂਸੀ ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ ਅਤੇ ਭਾਸ਼ਾ, ਸਕੂਲ ਸਿੱਖਿਆ,ਸੁਚਨਾ ਅਤੇ ਲੋਕ ਸੰਪਰਕ :-**

ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਪਿਛਲੀ ਸਰਕਾਰ ਦੌਰਾਨ ਹਲਕਾ ਰਾਜਾਸਾਂਸੀ ਜਿਲ੍ਹਾ ਅੰਮ੍ਰਿਤਸਰ ਅਧੀਨ ਪੈਂਦੇ ਪਿੰਡਾਂ ਅਵਾਣ ਵਸਾਉ, ਮੌਲੇਕੇ ਅਤੇ ਜਸਰਾਊਰ ਦੇ ਕ੍ਰਮਵਾਰ ਸਕੂਲ ਜੋ ਪ੍ਰਾਇਮਰੀ ਤੋਂ ਮਿਡਲ, ਮਿਡਲ ਤੋਂ ਹਾਈ ਅਤੇ ਹਾਈ ਤੋਂ ਹਾਇਰ ਸੈਕੰਡਰੀ (10+2) ਅੱਪਗ੍ਰੇਡ ਹੋਏ ਸਨ, ਕੀ ਉਹ ਫੰਕਸ਼ਨਲ ਹੋ ਚੁੱਕੇ ਹਨ ;

**ਅ)** ਹਲਕਾ ਅਟਾਰੀ ਅਧੀਨ ਪੈਂਦੇ ਪਿੰਡ ਧੌਲ ਕਲਾਂ ਦਾ ਸਕੂਲ ਜੋ ਮਿਡਲ ਤੋਂ ਹਾਈ ਸਕੂਲ ਅੱਪ-ਗ੍ਰੇਡ ਕੀਤਾ ਗਿਆ ਸੀ, ਕੀ ਉਹ ਵੀ ਫ਼ੰਕਸ਼ਨਲ ਹੋ ਗਿਆ ਹੈ; ਵੇਰਵੇ ਸਹਿਤ ਦੱਸਿਆ ਜਾਵੇ ?

----

## ਹਲਕਾ ਜਲਾਲਾਬਾਦ ਵਿਖੇ ਸਾਈਲੇਜ ਪਲਾਂਟ ਲਗਾਉਣਾ

*1772 **ਸ੍ਰੀ ਜਗਦੀਪ ਕੰਬੋਜ਼ ਗੋਲਡੀ ( ਜਲਾਲਾਬਾਦ):**

**ਖੇਤੀਬਾੜੀ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਜਲਾਲਾਬਾਦ ਵਿੱਚ ਸਾਈਲੇਜ ਪਲਾਂਟ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਕਦੋਂ ਤੱਕ ਲਗਾ ਦਿੱਤਾ ਜਾਵੇਗਾ?

----

## ਹਲਕਾ ਸੁਜਾਨਪੁਰ ਵਿਖੇ ਉਦਯੋਗ ਲਗਾਉਣਾ

***1777 ਸ਼੍ਰੀ ਨਰੇਸ਼ ਪੁਰੀ (ਸੁਜਾਨਪੁਰ):**

**ਸਥਾਨਕ ਸਰਕਾਰਾਂ, ਉਦਯੋਗ ਤੇ ਵਣਜ, ਨਿਵੇਸ਼ ਪ੍ਰੋਮੋਸ਼ਨ ਵਿਭਾਗ , ਬਿਜਲੀ** ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸੁਜਾਨਪੁਰ ਹਲਕੇ ਵਿੱਚ ਉਦਯੋਗ ਵਿਭਾਗ ਦੀ ਖਾਲ੍ਹੀ ਪਈ ਜਮੀਨ ਤੇ ਕੋਈ ਵੱਡਾ ਯੂਨਿਟ ਲਗਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

----

**ਚੰਡੀਗੜ੍ਹ - 160001.** **ਰਾਮ ਲੋਕ ਖਟਾਣਾ,**
**11 ਮਾਰਚ 2026.** **ਸਕੱਤਰ**